ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀਂ ਮੰਜਿਲ, ਈ-ਬਲਾਕ, ਫੇਜ਼-8, ਐਸ.ਏ.ਐਸ.ਨਗਰ।

(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)(ਐ.ਸਿ)

ਸਮੂਹ ਸਕੂਲ ਮੁੱਖੀ/ਪ੍ਰਿੰਸੀਪਲ, ਪੰਜਾਬ।

ਮੀਮੋ ਨੰ. 69266/2024 284099

ਮਿਤੀ 5-11-2024

ਵਿਸ਼ਾ ਵਿਦਿਅਕ ਸੈਸ਼ਨ 2024-25 ਦੌਰਾਨ ਵੱਖ-ਵੱਖ ਵਜੀਫਾ ਸਕੀਮਾਂ ਅਧੀਨ ਈ-ਪੰਜਾਬ ਪੋਰਟਲ ਖੋਲਣ ਦੀ ਮਿਤੀ ਵਿਚ ਵਾਧਾ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵਲੋਂ ਪ੍ਰਾਪਤ ਹੋ ਰਹੇ ਸੰਦੇਸ਼ਾਂ ਨੂੰ ਵਿਚਾਰਦੇ ਹੋਏ ਵਿਦਿਅਕ ਸੈਸ਼ਨ ਸਾਲ 2024-25 ਦੌਰਾਨ ਈ-ਪੰਜਾਬ ਪੋਰਟਲ ਤੇ ਅਪਲਾਈ ਕਰਨ ਦੀ ਮਿਤੀ ਵਿਚ ਹੇਠਾਂ ਦਰਸਾਏ ਸ਼ਡਿਊਲ ਅਨੁਸਾਰ ਵਾਧਾ ਕੀਤਾ ਜਾਂਦਾ ਹੈ-

| Sr No. | Scholarship scheme |
|---|---|
| 1 | Pre Matric scholarship for OBC/EBC and DNT students scheme (IX and X) |
| 2 | Dr. Hargovind Khuranan scholarship for brilliant students scheme |
| 3 | Sainik Scholarship Scheme |
| 4 | Encouragement award to SC girl student for pursuing 10+2 Education (+1 and +2 classes) |
| 5 | Attendance scholarship to SC Primary Girl Students scheme.(1st to 5th) |
| 6 | Attendance scholarship to BC/EWS Primary Girl Students scheme. (1st to 5th) |

ਸ਼ਡਿਊਲ

| | | |
|---|---|---|
| 1 | Re-opening of Portal | 04 Nov 2024 |
| 2 | The last date of submission of online applications | 14 Nov 2024 |
| 3 | The last date for the Schools to approve and forward online data to Districts | 29 Nov 2024 |
| 4 | The last for the Schools to correct temporary rejections and forward online data to districts | 03 Dec 2024 |
| 5 | Districts to approve and forward online data to State | Upto 16 Dec 2024 |

2.0 ਹੇਠ ਲਿਖੀਆਂ ਵਜੀਫਾ ਸਕੀਮਾਂ ਅਧੀਨ ਜਿਲ੍ਹਾ ਪੱਧਰ ਤੇ ਪੋਰਟਲ ਖੋਲਿਆ ਜਾਣਾ ਹੈ।

| Sr No. | Scholarship scheme |
|---|---|
| 1. | 55- Award to SC Sports Students scheme (6-12 Classes) |
| 2. | General Scholarship scheme (6th Class and 8th Class) |

ਇਹਨਾਂ ਸਕੀਮਾਂ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ-

| | | |
|---|---|---|
| 1 | Re-opening of Portal at district level | 04 Nov 2024 |
| 2 | Districts to approve and forward online data to State | Upto 16 Dec 2024 |

2.0 ਉਕਤ ਦਰਸਾਏ ਸ਼ਡਿਊਲ ਅਨੁਸਾਰ ਸਕੀਮ ਦੀਆਂ ਗਾਈਡਲਾਇਜਨਜ਼ ਅਨੁਸਾਰ ਯੋਗ ਵਿਦਿਆਰਥੀਆਂ ਤੋਂ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ।

3.0 ਬੈਂਕ ਅਕਾਉਂਟ ਅਧਾਰ ਸੀਡਿਡ ਹੋਣਾ ਜ਼ਰੂਰੀ ਹੈ। ਅਧਾਰ ਨੰਬਰ ਦਰੁਸਤ ਭਰਨਾ ਯਕੀਨੀ ਬਣਾਇਆ ਜਾਵੇ। ਬੈਂਕ ਖਾਤੇ ਐਕਟਿਵ ਹੋਣੇ ਯਕੀਨੀ ਬਣਾਏ ਜਾਣ। ਮੋਬਾਇਲ ਨੰਬਰ, ਅਧਾਰ ਨੰਬਰ ਅਤੇ ਬੈਂਕ ਅਕਾਉਂਟ ਵਿਚ ਡੁਪਲੀਸਿਟੀ ਨਹੀਂ ਹੋਣੀ ਚਾਹੀਦੀ। 5 ਅਤੇ 15 ਸਾਲ ਦੀ ਉਮਰ ਤੇ ਅਧਾਰ ਅਪਡੇਟ ਕਰਵਾਏ ਜਾਣ।

Scanned with OKEN Scanner

4.0 ਉਕਤ ਵਜੀਫਾ ਸਕੀਮ ਅਧੀਨ ਵਿਦਿਆਰਥੀਆਂ ਤੋਂ ਅਪਲਾਈ ਕਰਵਾਉਣ ਉਪਰੰਤ ਸਕੂਲ ਪੱਧਰ (ਇਨਸਟੀਚਿਊਟ ਨੋਡਲ ਅਫਸਰ) ਅਤੇ ਜਿਲ੍ਹਾ ਪੱਧਰ (ਸੈਕਸ਼ਨਿੰਗ ਅਥਾਰਟੀ) ਤੇ ਡਾਟਾ ਚੰਗੀ ਤਰ੍ਹਾਂ ਵੈਰੀਫਾਈ ਕਰਨ ਉਪਰੰਤ ਮੁੱਖ ਦਫਤਰ ਨੂੰ ਭੇਜਿਆ ਜਾਵੇ।

5.0 ਪੋਰਟਲ ਦੀ ਮਿਤੀ ਵਿਚ ਵਾਧਾ ਨਹੀਂ ਕੀਤਾ ਜਾਵੇਗਾ, ਇਸ ਲਈ ਮਿੱਥੇ ਸਮੇਂ ਦੇ ਅੰਦਰ-ਅੰਦਰ ਜੇਕਰ ਕਿਸੇ ਸਕੂਲ ਵਲੋਂ ਵਿਦਿਆਰਥੀਆਂ ਨੂੰ ਸਮੇਂ ਸਿਰ ਅਪਲਾਈ ਨਹੀਂ ਕਰਵਾਇਆ ਗਿਆ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ। ਇਸ ਦੇ ਨਾਲ ਇਹ ਵੀ ਲਿਖਿਆ ਜਾਂਦਾ ਹੈ ਕਿ ਮਿਥੀ ਮਿਤੀ ਤੋਂ ਬਾਅਦ ਕੋਈ ਵੀ ਮੈਨੂਅਲ ਕੇਸ ਪ੍ਰਾਪਤ ਨਹੀਂ ਕੀਤਾ ਜਾਵੇਗਾ।

ਸਹਾਇਕ ਡਾਇਰੈਕਟਰ (ਵਜੀਫਾ)

ਪਿੱਠ ਅੰਕਣ ਨੰਬਰ ਉਕਤ ਮਿਤੀ

1. ਉਪਰੋਕਤ ਦਾ ਉਤਾਰਾ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਇੰਚਾਰਜ ਐਮ.ਆਈ.ਐਸ ਵਿੰਗ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਸ਼ਡਿਊਲ ਅਨੁਸਾਰ ਪੋਰਟਲ ਖੋਲਣ ਦੀ ਮਿਤੀ ਵਿਚ ਵਾਧਾ ਕੀਤਾ ਜਾਵੇ।

5.11.2024

ਸਹਾਇਕ ਡਾਇਰੈਕਟਰ (ਵਜੀਫਾ)

ਦਫਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ), ਬਠਿੰਡਾ।

ਪਿੱਠ ਅੰਕਣ ਨੰ: ਸੀ-5/1(7)/2024/1440 ਮਿਤੀ : 6-11-2024

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ (ਸਰਕਾਰੀ/ਅਰਧ ਸਰਕਾਰੀ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ epunjab ਤੇ ਅਪਲਾਈ ਕਰਨ ਵਾਲਿਆਂ ਵਜ਼ੀਫਾ ਸਕੀਮਾਂ ਦੀਆਂ ਮਿਤੀ ਵਿੱਚ ਵਾਧਾ ਕੀਤਾ ਗਿਆ ਹੈ। ਜੋ ਜਿਹੜੇ ਵਿਦਿ: ਅਪਲਾਈ ਕਰਨ ਤੋਂ ਰਹਿ ਗਏ ਹਨ ਉਹਨਾਂ ਵਿਦਿ: ਨੂੰ ਜਲਦ ਤੋਂ ਜਲਦ ਅਪਲਾਈ ਕਰਵਾਇਆ ਜਾਵੇ ਤਾਂ ਜੋ ਕੋਈ ਵੀ ਯੋਗ ਵਿਦਿਆਰਥੀ ਵਜ਼ੀਫੇ ਦੀ ਰਾਸ਼ੀ ਤੋਂ ਵਾਂਝਾ ਨਾ ਰਹਿ ਜਾਵੇ। ਜੇਕਰ ਕੋਈ ਯੋਗ ਵਿਦਿਆਰਥੀ ਵਜ਼ੀਫਾ ਅਪਲਾਈ ਕਰਨ ਤੋਂ ਵਾਂਝਾ ਰਹਿ ਜਾਂਦਾ ਹੈ ਤਾਂ ਇਸਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

ਜ਼ਿ. ਸਿੱਖਿਆ ਅਫ਼ਸਰ (ਸ)
ਬਠਿੰਡਾ

6/11/24

Scanned with OKEN Scanner